# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times — 14 ਅਗਸਤ 2025 ਦਿਨ ਵੀਰਵਾਰ — ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਗੁਲਾਟੀ ਪਬਲਿਸ਼ਰਜ਼ ਵੱਲੋਂ ਨਾਵਲਕਾਰ ਜਰਨੈਲ ਸਿੰਘ ਸੇਖਾ ਨੂੰ ਪੰਜ ਨਵ-ਪ੍ਰਕਾਸ਼ਿਤ ਕਿਤਾਬਾਂ ਭੇਟ ਕੀਤੀਆਂ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 14 ਅਗਸਤ : ਗੁਲਾਟੀ ਪਬਲਿਸ਼ਰਜ਼ ਲਿਮਿਟਡ ਸਰੀ ਵੱਲੋਂ ਬੀਤੇ ਦਿਨ ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੂੰ ਪੰਜ ਨਵੀਆਂ ਪ੍ਰਕਾਸ਼ਿਤ ਹੋਈਆਂ ਕਿਤਾਬਾਂ ਭੇਟ ਕੀਤੀਆਂ ਗਈਆਂ। ਜਰਨੈਲ ਸਿੰਘ ਸੇਖਾ ਪਿਛਲੇ ਕੁਝ ਮਹੀਨਿਆਂ ਦੀ ਬਿਮਾਰੀ ਤੋਂ ਬਾਅਦ ਪਹਿਲੀ ਵਾਰ ਗੁਲਾਟੀ ਪਬਲਿਸ਼ਰਜ਼ ਸਟੋਰ 'ਤੇ ਆਏ ਸਨ। ਇਸ ਮੌਕੇ ਉਹਨਾਂ ਦੇ ਨਾਲ ਪੰਜਾਬੀ ਸ਼ਾਇਰ ਮੋਹਨ ਗਿੱਲ ਵੀ ਮੌਜੂਦ ਸਨ। ਗੁਲਾਟੀ ਪਬਲਿਸ਼ਰਜ਼ ਦੇ ਸੰਚਾਲਕ ਸਤੀਸ਼ ਗੁਲਾਟੀ ਨੇ ਸ. ਸੇਖਾ ਨੂੰ ਜੀ ਆਇਆਂ ਆਖਿਆ ਅਤੇ ਉਨ੍ਹਾਂ ਦੇ ਸਿਹਤਯਾਬ ਹੋਣ 'ਤੇ ਖੁਸ਼ੀ ਪ੍ਰਗਟ ਕੀਤੀ। ਇਸ ਮੌਕੇ ਪੰਜਾਬੀ ਸਾਹਿਤ ਬਾਰੇ ਅਤੇ ਪੰਜਾਬ ਬਾਰੇ ਵੀ ਵਿਚਾਰ ਚਰਚਾ ਹੋਈ। ਸਤੀਸ਼ ਗੁਲਾਟੀ ਨੇ ਇਨ੍ਹਾਂ ਦਿਨਾਂ ਵਿਚ ਪ੍ਰਕਾਸ਼ਿਤ ਹੋਈਆਂ ਕੁਝ ਨਵੀਆਂ ਪੁਸਤਕਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਇਹਨਾਂ ਪੁਸਤਕਾਂ ਵਿਚ ਸੁਰਿੰਦਰ ਸਿੰਘਾ ਦੀ ਪੁਸਤਕ 'ਇੰਡੋ ਕਨੇਡੀਅਨ ਪ੍ਰਵਾਸੀਆਂ ਦਾ ਸੰਘਰਸ਼ਨਾਮਾ', ਸੁਰਜੀਤ ਬਰਾੜ ਦਾ ਨਵਾਂ ਨਾਵਲ 'ਕਾਲੀ ਕੰਬਲੀ', ਮੰਗਾ ਬਾਸੀ ਦੀ ਕਾਵਿਕ ਪੁਸਤਕ 'ਸੁਣ ਨੀਂ ਜਿੰਦੇ ਮੇਰੀਏ', ਕਿਰਪਾਲ ਕਜ਼ਾਕ ਦਾ ਨਾਵਲ 'ਇਤਿ ਕਥਾ' ਅਤੇ ਜਰਨੈਲ ਸਿੰਘ ਸੇਖਾ ਦੀ ਪੁਸਤਕ 'ਚੇਤੇ ਵਿੱਚ ਉਕਰੇ ਚਿਹਰੇ' ਸ਼ਾਮਲ ਹਨ। ਉਨ੍ਹਾਂ ਬਾਅਦ ਵਿਚ ਇਹ ਪੰਜ ਪੁਸਤਕਾਂ ਸ. ਸੇਖਾ ਨੂੰ ਭੇਟ ਕੀਤੀਆਂ।

ਸ਼ਾਇਰ ਮੋਹਨ ਗਿੱਲ ਅਤੇ ਹਰਦਮ ਮਾਨ ਨੇ ਕਿਹਾ ਕਿ ਬੜੀ ਖੁਸ਼ੀ ਦੀ ਗੱਲ ਹੈ ਕਿ ਜਰਨੈਲ ਸਿੰਘ ਸੇਖਾ ਤੰਦਰੁਸਤ ਹੋ ਕੇ ਸਾਹਿਤਕ ਹਲਕਿਆਂ ਵਿਚ ਪਹਿਲਾਂ ਵਾਂਗ ਵਿਚਰਨ ਦੇ ਸਮਰੱਥ ਹੋ ਗਏ ਹਨ। ਜਰਨੈਲ ਸਿੰਘ ਸੇਖਾ ਨੇ ਪੁਸਤਕਾਂ ਲਈ ਸਤੀਸ਼ ਗੁਲਾਟੀ ਦਾ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਸਿਹਤਯਾਬੀ ਲਈ ਦੁਆਵਾਂ ਕਰਨ ਵਾਲੇ ਸਾਰੇ ਹੀ ਦੋਸਤਾਂ, ਮਿੱਤਰਾਂ, ਸਿਨੇਹੀਆਂ ਅਤੇ ਪਾਠਕਾਂ ਦੇ ਉਹ ਬੇਹੱਦ ਸ਼ੁਕਰਗੁਜ਼ਾਰ ਹਨ।

## ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਮੁੱਖ ਰੱਖਕੇ ਪੰਜਾਬ ਸਰਕਾਰ ਉਨ੍ਹਾਂ ਪਿੰਡਾਂ ਦਾ ਸੁੰਦਰੀਕਰਨ ਕਰੇ , ਜਿਨ੍ਹਾਂ 'ਚ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਦੇ ਪਵਿੱਤਰ ਚਰਨ ਪਏ ਹਨ —ਜਥੇਦਾਰ ਕਰਨੈਲ ਸਿੰਘ ਪੰਜੋਲੀ

ਵਰਲਡ ਪੰਜਾਬੀ ਟਾਈਮਜ਼ ਨਵਜੋਤ ਕੌਰ



ਫ਼ਤਿਹਗੜ੍ਹ ਸਾਹਿਬ : 14 ਅਗਸਤ : ਅੱਜ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਗੁਰਦੂਆਰਾ ਸ੍ਰੀ ਫਤਹਿਗੜ ਸਾਹਿਬ ਵਿਖੇ ਨਤਮਸਤਕ ਹੋਣ ਆਏ ਸਨ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਜਥੇਦਾਰ ਕਰਨੈਲ ਸਿੰਘ ਪੰਜੋਲੀ ਨੇ ਇੱਕ ਮੰਗ ਪੱਤਰ ਰਾਹੀਂ ਮੁੱਖ ਮੰਤਰੀ ਸਾਬ ਨੂੰ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਨਾਲ ਸਬੰਧਤ ਪਿੰਡਾਂ ਦੇ ਨਵੀਨੀਕਰਨ ਅਤੇ ਸੁੰਦਰੀਕਰਨ ਦੀ ਮੰਗ ਰੱਖੀ। ਜ਼ਿਕਰਯੋਗ ਹੈ ਕਿ ਨੌਵੇਂ ਪਾਤਸ਼ਾਹੀ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਜ਼ਿਲਾ ਫਤਹਿਗੜ ਸਾਹਿਬ ਦੇ ਪਿੰਡ ਭਗੜਾਣਾ , ਮੁਕਾਰੋਪੁਰ , ਜਖਵਾਲੀ , ਨੌਲਖਾ ਅਤੇ ਆਕੜ ਅਦਿ ਪਿੰਡਾਂ ਵਿੱਚ ਆਪਣੇ ਪਵਿੱਤਰ ਚਰਨ ਪਾਏ ਹਨ।ਪੰਜਾਬ ਸਰਕਾਰ ਇਨ੍ਹਾਂ ਪਿੰਡਾਂ ਵਿੱਚ ਬਣੇ ਗੁਰਦੂਆਰੇ ਸਾਹਿਬਾਨ ਦਾ ਆਲਾ ਦੁਆਲਾ ਸੁੰਦਰ ਬਣਾਵੇ ਅਤੇ ਇਨ੍ਹਾਂ ਸਾਰੇ ਪਿੰਡਾਂ ਵਿੱਚ ਹਰ ਤਰ੍ਹਾਂ ਦੀ ਸਹੂਲਤ ਮੁੱਹਈਆ ਕਰਵਾਉਣ ਦੇ ਨਾਲ ਇਨ੍ਹਾਂ ਪਿੰਡਾਂ ਦੀ ਦਿੱਖ ਵਿੱਚ ਵੀ ਸੁਧਾਰ ਕੀਤਾ ਜਾਵੇ। ਇਸੇ ਤਰ੍ਹਾਂ ਬੱਸੀ ਪਠਾਣਾਂ ਜੇਲ ਵਿੱਚ ਵੀ ਗੁਰੂ ਤੇਗ ਬਹਾਦਰ ਪਾਤਸਾਹ ਜੀ ਤਿੰਨ ਮਹੀਨੇ ਕੈਦ ਰਹੇ ਹਨ । ਉਸ ਜੇਲ ਨੂੰ ਵੀ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਦੀ ਯਾਦਗਾਰ ਵਜੋ ਵਿਕਸਤ ਕੀਤਾ ਜਾਵੇ।

ਇਸੇ ਤਰਾਂ ਫਤਹਿਗੜ ਸਾਹਿਬ ਦੇ ਸ਼ਹੀਦੀ ਜੋੜ ਮੇਲੇ ਨੂੰ ਧਿਆਨ ਵਿੱਚ ਰੱਖਦਿਆਂ ਘੱਟੋ ਘੱਟ 10 ਕਿਲੋਮੀਟਰ ਦੇ ਘੇਰੇ ਵਿੱਚ ਹਰ ਸੜਕ ਘੱਟੋ ਘੱਟ 24 ਫੁੱਟ ਚੌੜੀ ਕੀਤੀ ਜਾਵੇ ਤਾਂ ਕਿ ਸੰਗਤਾਂ ਦੇ ਆਉਣਾ ਜਾਣਾ ਸੌਖਾ ਹੋ ਸਕੇ । ਅਕਾਲੀ ਸਰਕਾਰ ਵੇਲੇ ਬਾਬਾ ਮੋਤੀ ਰਾਮ ਮਹਿਰਾ ਜੀ ਦੀ ਪਵਿੱਤਰ ਯਾਦ ਵਿੱਚ ਬਣਾਏ ਗਏ ਸ਼ਹੀਦੀ ਪਾਰਕ ਦੀ ਸੇਵਾ ਕਰਨ ਲਈ ਪੁਰਾਤੱਤਵ ਵਿਭਾਗ ਨੂੰ ਹਦਾਇਤ ਕੀਤੀ ਜਾਵੇ । ਪੰਜਾਬ ਸਰਕਾਰ ਵੱਲੋਂ ਫ਼ਤਹਿਗੜ੍ਹ ਸਾਹਿਬ ਦੀਆਂ ਸੜਕਾਂ ਦੀ ਮੁਰੰਮਤ ਵੀ ਕਰਵਾਈ ਜਾਵੇ।

ਇਸੇ ਤਰਾਂ ਗੁਰਦੂਆਰਾ ਸ੍ਰੀ ਫਤਹਿਗੜ ਸਾਹਿਬ ਦੇ ਪਿਛਲੇ ਪਾਸੇ ਦੀ ਲੰਘ ਰਿਹਾ ਚੋਅ ਜੋ ਘੱਟੋ ਘੱਟ 4 ਕਿੱਲੋ ਮੀਟਰ ਲੰਬਾ ਹੈ ਇਸ ਨੂੰ ਪੰਜਾਬ ਸਰਕਾਰ ਵੱਲੋ ਪੱਕਾ ਕਰਵਾਇਆ ਜਾਵੇ ਕਿਉਂਕਿ ਇਹ ਚੋਆ ਸ਼ਹਿਰ ਵਾਲੇ ਪਾਸੇ ਤਾਂ ਪੱਕਾ ਕੀਤਾ ਗਿਆ ਹੈ ਪ੍ਰੰਤੂ ਗੁਰਦੂਆਰਾ ਸਾਹਿਬ ਦੇ ਨੇੜੇ ਹਾਲੇ ਤੱਕ ਵੀ ਕੱਚਾ ਪਿਆ ਹੈ । ਇਸ ਦੇ ਨਾਲ ਗੁਰਦੂਆਰਾ ਸਾਹਿਬ ਅੰਦਰਲੇ ਪਾਸੇ ਸੜਕਾਂ ਉੱਤੇ ਬਿਨਾਂ ਦੇਰੀ ਪ੍ਰੀਮਿਕਸ ਪਾਈ ਜਾਵੇ।

## ਰਾਮਗੜ੍ਹੀਆ ਪਰਿਵਾਰਿਕ ਮਿਲਣੀ 2025 ਇਕ ਯਾਦਗਾਰੀ ਪਿਕਨਿਕ ਹੋ ਨਿੱਬੜੀ !

ਵਰਲਡ ਪੰਜਾਬੀ ਟਾਈਮਜ਼



ਟੋਰੰਟੋ 14 ਅਗਸਤ : ਹਰ ਸਾਲ ਦੀ ਤਰਾਂ ਇਸ ਵਾਰ ਵੀ ਆਰ ਐਸ ਐਫ ਓ ਟੋਰੰਟੋ ਵੱਲੋਂ ਬਰੈਂਪਟਨ ਸ਼ਹਿਰ ਦੇ ਚਿੰਨਕੁਯੁਜੀ ਪਾਰਕ ਦੇ ਖੁਲੇ ਮੈਦਾਨ ਵਿੱਚ ਟੈਂਟ ਵਗੈਰਾ ਲਗਾ ਕੇ ਐਤਵਾਰ ਨੂੰ ਬਹੁਤ ਹੀ ਨਿਵੇਕਲੇ ਢੰਗ ਨਾਲ ਰਾਮਗੜ੍ਹੀਆ ਪਰਿਵਾਰਕ ਮਿਲਣੀ ਕਰਵਾਈ ਗਈ ਜਿਸ ਵਿੱਚ ਵੱਢੀ ਗਿਣਤੀ ਵਿੱਚ ਪਰਿਵਾਰ ਬੱਚਿਆਂ ਸਮੇਤ ਸ਼ਾਮਲ ਹੋਏ ! ਇਸ ਪਿਕਨਿਕ ਦੀ ਆਰੰਭਤਾ ਮੈਡਮ ਪ੍ਰੀਤ ਹੀਰ ਨੇ ਸੰਖੇਪ ਤੇ ਭਾਵਪੁਰਕ ਸੰਦੇਸ਼ ਨਾਲ ਕੀਤੀ ਅਤੇ ਮੌਕੇ ਤੇ ਹਾਜ਼ਰ ਨਾਮਵਰ ਹਸ਼ਤੀਆਂ ਨੂੰ ਜੀ ਆਇਆਂ ਨੂੰ ਕਿਹਾ ਅਤੇ ਉਹਨਾਂ ਨੇ ਆਪਣੇ ਵਿਚਾਰ ਵੀ ਪ੍ਰਗਟ ਕਿਤੇ ਅਤੇ ਆਰ ਐਸ ਐਫ ਓ ਦੇ ਇਸ ਉੱਦਮ ਦੀ ਸਲਾਘਾ ਵੀ ਕੀਤੀ ! ਇਸ ਸਮਾਗਮ ਵਿੱਚ ਬੱਚਿਆਂ , ਬੀਬੀਆਂ ਅਤੇ ਪੁਰਸ਼ਾਂ ਲਈ ਖੇਡਾਂ ਦਾ ਆਯੋਜਨ ਕੀਤਾ ਗਿਆ ! ਸਵੇਰ ਤੋਂ ਹੀ ਚਾਹ , ਪਕੌੜੇ , ਜੂਸ ਅਤੇ ਕੋਲਡ ਡਰਿੰਕ ਦਾ ਵਿਸ਼ੇਸ਼ ਇੰਤਜ਼ਾਮ ਕੀਤਾ ਗਿਆ ਸੀ ਰਾਮਗੜ੍ਹੀਆ ਪਰਿਵਾਰਾਂ ਤੋਂ ਇਲਾਵਾ ਕਈ ਹੋਰ ਸਮਾਜਕ ਅਤੇ ਸਾਹਿਤਕ ਸੰਸਥਾਵਾਂ ਦੇ ਨੁਮਾਇੰਦੇ ਵੀ ਸ਼ਾਮਲ ਹੋਏ ਜਿਨ੍ਹਾਂ ਵਿੱਚ ਡਾ.ਦਲਬੀਰ ਸਿੰਘ ਕਥੂਰੀਆ, ਮੈਡਮ ਰੂਪ ਕਾਹਲੋਂ ,ਜਨਾਬ ਮਕਸੂਦ ਚੌਧਰੀ ਤੇ ਉਹਨਾਂ ਦੇ ਸਾਥੀ , ਪੰਜਾਬ (ਭਾਰਤ) ਤੋਂ ਵਿਸ਼ੇਸ਼ ਤੌਰ ਤੇ ਮੈਡਮ ਪ੍ਰੀਤ ਹੀਰ ਮੀਡੀਆ ਮੈਨੇਜਰ ਅਕਾਲ ਗਰੁੱਪ ਆਫ ਕਾਲਜ ਕੌਂਸਲ ਮਸਤੂਆਣਾ ਸਾਹਿਬ,. ਮੈਡਮ ਬਲਬੀਰ ਕੌਰ ਰਾਏਕੋਟੀ ਪ੍ਰਧਾਨ ਵਿਸ਼ਵ ਪੰਜਾਬੀ ਸਭਾ (ਭਾਰਤ )ਅਮਰਜੀਤ ਸਿੰਘ ਘਟੋੜਾ , ਇੰਦਰਜੀਤ ਸਿੰਘ ਘਟੋੜਾ ਖੰਨਾ , ਜਸ਼ਨ ਲੋਟੇ ਅਹਿਮਦਗੜ੍ਹ ,

ਰਾਮਗੜ੍ਹੀਆ ਦਰਪਣ ਜਲੰਧਰ ਤੋਂ. ਭੁਪਿੰਦਰ ਸਿੰਘ ਉੱਭੀ, ਉਹਨਾਂ ਦੇ ਨਾਲ ਸੁਰਜੀਤ ਸਿੰਘ ਖੁਰਾਲ ਵੀ ਸ਼ਾਮਲ ਹੋਏ ! ਨਾਮਧਾਰੀ ਸੰਸਥਾ ਦੇ ਬਹੁਤ ਸਾਰੇ ਪਰਿਵਾਰਾਂ ਨੇ ਵੀ ਸ਼ਾਮਲ ਹੋ ਕੇ ਪਿਕਨਿਕ ਦੀ ਰੌਣਕ ਵਿੱਚ ਵਾਧਾ ਕੀਤਾ ! ਆਏ ਮਹਿਮਾਨਾਂ ਦੇ ਮਨੋਰੰਜਨ ਲਈ ਰਣਜੀਤ ਸਿੰਘ ਲਾਲ ਆਪਣੇ ਸਾਥੀਆਂ ਕਮਲ ਯੂ ਕੇ ਤੇ ਜਗਦੀਸ਼ ਸਿੰਘ ਲਾਲ ਅਤੇ ਪੂਰੇ ਮਿਊਜ਼ਿਕਲ ਗਰੁੱਪ ਨਾਲ ਪਧਾਰੇ ਹੋਏ ਸਨ ਜਿਹਨਾਂ ਨੇ ਕੁਝ ਪੁਰਾਣੇ ਤੇ ਨਵੇਂ ਗੀਤਾਂ ਤੇ ਚੁਟਕਲਿਆਂ ਨਾਲ ਭਰਪੂਰ ਮਨੋਰੰਜਨ ਕਰਵਾ ਕੇ ਵਾਹ ਵਾਹ ਖੱਟੀ ! ਇਕ ਨਿਵੇਕਲੇ ਤੌਰ ਤੇ ਨਵਰੀਤ ਕੌਰ ਝੀਤਾ ਵੱਲੋਂ ਬੱਚਿਆਂ ਤੇ ਬੀਬੀਆਂ ਲਈ ਮਹਿੰਦੀ ਲਗਾਉਣ ਦਾ ਸਟਾਲ ਵੀ ਲਾਇਆ ਹੋਇਆ ਸੀ ਜਿਸਦਾ ਮਹਿਮਾਨ ਬੀਬੀਆਂ ਵੱਲੋਂ ਭਰਾਵਾਂ ਹੁੰਗਾਰਾ ਦਿਤਾ ਗਿਆ.! ਨਾਲ ਦੀ ਨਾਲ ਹੀ ਬੱਚਿਆਂ ਦੀਆਂ ਦੋੜਾਂ ਵੱਖੋ ਵੱਖਰੇ ਗਰੁੱਪਾਂ ਵਿੱਚ ਕਰਵਾਈਆਂ ਗਈਆਂ! ਤਿੰਨ ਟੰਗੀ ਦੌੜ ਵੀ ਕਰਵਾਈ ਗਈ ਅਤੇ ਅਖੀਰ ਵਿੱਚ ਮਿਊਜ਼ਿਕਲ ਕੁਰਸੀ ਦੌੜ ਵੀ ਕਰਵਾਈ ਗਈ. ਜੇਤੂਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਬਾਹਰੋਂ ਆਏ ਮਹਿਮਾਨਾਂ ਨੂੰ ਆਰ ਐਸ ਐਫ ਓ ਵੱਲੋਂ ਵਿਸ਼ੇਸ਼ ਤੌਰ ਤੇ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ ! ਅੰਤ ਵਿੱਚ ਸਵਾਦੀਸਟ ਭੋਜਨ ਦਾ ਪ੍ਰਬੰਧ ਕੀਤਾ ਹੋਇਆ ਸੀ ਸਾਰਿਆਂ ਨੇ ਰਲ ਕੇ ਭੋਜਨ ਦਾ ਭਰਪੂਰ ਆਨੰਦ ਮਾਨਿਆਂ ! ਸਮਾਗਮ ਦੀ ਸਮਾਪਤੀ ਮੌਕੇ ਚੇਅਰਮੈਨ ਦਲਜੀਤ ਸਿੰਘ ਗੈਦੂ ਅਤੇ ਪ੍ਰਧਾਨ ਹਰਦਿਆਲ ਸਿੰਘ ਝੀਤਾ ਵੱਲੋਂ ਆਏ ਸਾਰੇ ਮਹਿਮਾਨਾਂ ਦਾ ਪਿਕਨਿਕ ਚ ਸਮੂਲੀਅਤ ਕਰਨ ਤੇ ਤਹਿ ਦਿਲ ਤੋਂ ਧੰਨਵਾਦ ਵੀ ਕੀਤਾ ਤੇ ਆਉਣ ਵਾਲੇ ਪ੍ਰੋਗਰਾਮਾਂ ਵਿੱਚ ਵੀ ਇਸੇ ਤਰਾਂ ਵੱਧ ਚੜ ਕੇ ਸ਼ਾਮਲ ਹੋਣ ਦੀ ਅਪੀਲ ਵੀ ਕੀਤੀ !

## ਬਲਬੀਰ ਪਰਵਾਨਾ, ਮੁਦੱਸਰ ਬਸ਼ੀਰ ਤੇ ਭਗਵੰਤ ਰਸੂਲਪੁਰੀ ਦੀਆਂ ਪੁਸਤਕਾਂ 2025 ਦੇ 'ਢਾਹਾਂ ਸਾਹਿਤਕ ਐਵਾਰਡ' ਲਈ ਚੁਣੀਆਂ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਸਰੀ, 14 ਅਗਸਤ : ਪੰਜਾਬੀ ਵਿਚ ਦਿੱਤੇ ਜਾਂਦੇ ਸਭ ਤੋਂ ਵੱਡੇ ਸਾਹਿਤਕ ਐਵਾਰਡ 'ਢਾਹਾਂ ਪੁਰਸਕਾਰ' ਲਈ ਸਾਲ 2025 ਵਾਸਤੇ ਤਿੰਨ ਪੁਸਤਕਾਂ ਚੁਣੀਆਂ ਗਈਆਂ ਹਨ। ਅੱਜ ਨਿਊਟਨ ਲਾਇਬਰੇਰੀ ਸਰੀ ਵਿਖੇ ਇਕ ਪ੍ਰੈਸ ਕਾਨਫਰੰਸ ਦੌਰਾਨ ਤਿੰਨ ਫਾਈਨਲਿਸਟਾਂ ਦਾ ਐਲਾਨ ਕਰਦਿਆਂ ਦੱਸਿਆ ਗਿਆ ਕਿ ਬਲਬੀਰ ਪਰਵਾਨਾ ਦੇ ਨਾਵਲ 'ਰੌਲਿਆਂ ਵੇਲੇ', ਪਾਕਿਸਤਾਨੀ ਲੇਖਕ ਮੁਦੱਸਰ ਬਸ਼ੀਰ ਦੇ ਨਾਵਲ 'ਗੋਇਲ' ਅਤੇ ਭਗਵੰਤ ਰਸੂਲਪੁਰੀ ਦੇ ਕਹਾਣੀ ਸੰਗ੍ਰਹਿ 'ਡਲਿਵਰੀ ਮੈਨ' ਨੂੰ ਇਸ ਐਵਾਰਡ ਲਈ ਚੁਣਿਆ ਗਿਆ ਹੈ। ਜ਼ਿਕਰਯੋਗ ਹੈ ਕਿ ਚੁਣੀਆਂ ਗਈਆਂ ਇਨ੍ਹਾਂ ਤਿੰਨ ਪੁਸਤਕਾਂ ਵਿੱਚੋਂ ਪਹਿਲਾ ਇਨਾਮ ਹਾਸਲ ਕਰਨ ਵਾਲੀ ਪੁਸਤਕ ਦਾ ਐਲਾਨ 13 ਨਵੰਬਰ 2025 ਨੂੰ ਹੋਣ ਵਾਲੇ ਮੁੱਖ ਇਨਾਮ ਵੰਡ ਸਮਾਰੋਹ ਵਿਚ ਕੀਤਾ ਜਾਵੇਗਾ। ਇਹ ਵੀ ਦੱਸਣਯੋਗ ਹੈ ਕਿ ਪਹਿਲਾ ਸਥਾਨ ਹਾਸਲ ਕਰਨ ਵਾਲੀ ਪੁਸਤਕ ਦੇ ਰਚਨਾਕਾਰ ਨੂੰ 25 ਹਜਾਰ ਡਾਲਰ ਦਾ ਇਨਾਮ ਦਿੱਤਾ ਜਾਂਦਾ ਹੈ ਅਤੇ ਦੂਜੇ ਸਥਾਨ 'ਤੇ ਰਹੀਆਂ ਦੋ ਪੁਸਤਕਾਂ ਦੇ ਲੇਖਕਾਂ ਨੂੰ 10-10 ਹਜਾਰ ਡਾਲਰ ਦਾ ਇਨਾਮ ਦਿੱਤਾ ਜਾਂਦਾ ਹੈ।

ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਗਿਆ ਕਿ ਜਿਊਰੀ ਨੂੰ ਇਸ ਸਾਲ ਇਸ ਐਵਾਰਡ ਲਈ ਕੈਨੇਡਾ, ਭਾਰਤ, ਪਾਕਿਸਤਾਨ, ਆਸਟ੍ਰੇਲੀਆ, ਅਮਰੀਕਾ ਅਤੇ ਯੂ.ਕੇ. ਤੋਂ 55 ਯੋਗ ਅਰਜ਼ੀਆਂ ਪ੍ਰਾਪਤ ਹੋਈਆਂ। ਢਾਹਾਂ ਇਨਾਮ ਸਲਾਹਕਾਰ ਕਮੇਟੀ ਦੇ ਚੇਅਰਮੈਨ ਬਲਬੀਰ ਮਾਧੋਪੁਰੀ ਨੇ ਕਿਹਾ ਕਿ ਜਿਊਰੀ ਵੱਲੋਂ ਪੁਰਸਕਾਰਾਂ ਲਈ ਪ੍ਰਾਪਤ ਅਰਜ਼ੀਆਂ ਵਿੱਚੋਂ ਤਿੰਨ ਫਾਈਨਲਿਸਟਾਂ ਦੀ ਚੋਣ ਬਹੁਤ ਹੀ ਯੋਗ ਤੇ ਨਿਰਪੱਖ ਢੰਗ ਨਾਲ ਕੀਤੀ ਗਈ ਹੈ। ਢਾਹਾਂ ਸਾਹਿਤ ਫਾਊਡੇਸ਼ਨ ਦੇ ਬਾਨੀ ਬਰਜ ਢਾਹਾਂ ਨੇ ਕਿਹਾ ਕਿ ਸਾਡਾ ਮਿਸ਼ਨ ਪੰਜਾਬੀ ਸਾਹਿਤ ਨੂੰ ਵਿਸ਼ਵ ਪੱਧਰ 'ਤੇ ਪ੍ਰਫੁੱਲਤ ਕਰਨਾ, ਪੰਜਾਬੀ ਗਲਪ ਵਿੱਚ ਨਵੀਆਂ ਉੱਤਮ ਰਚਨਾਵਾਂ ਲਈ ਪੰਜਾਬੀ ਪਾਠਕਾਂ ਨੂੰ ਪ੍ਰੇਰਿਤ ਕਰਨਾ, ਲੇਖਕਾਂ ਦੀ ਹੌਸਲਾ ਅਫ਼ਜ਼ਾਈ ਕਰਨੀ ਅਤੇ ਸਰਹੱਦੋਂ ਪਾਰ ਸੱਭਿਆਚਾਰਕ ਸਬੰਧਾਂ ਨੂੰ ਮਜ਼ਬੂਤ ਕਰਨਾ ਹੈ।

ਅੱਜ ਦੇ ਸਮਾਗਮ ਵਿਚ ਕੈਨੇਡੀਅਨ ਸੈਨੇਟਰ ਬਲਤੇਜ ਸਿੰਘ ਢਿੱਲੋਂ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਸ਼ਾਇਰ ਮੋਹਨ ਗਿੱਲ, ਅਜਮੇਰ ਰੋਡੇ ਅਤੇ ਸਾਧੂ ਬਿਨਿੰਗ ਸ਼ਾਮਲ ਸਨ।

## ਗੁਰੂ ਨਾਨਕ ਦੇਵ ਇੰਜਨੀਰਿੰਗ ਕਾਲਿਜ ਲੁਧਿਆਣਾ ਦੇ ਸਾਬਕਾ ਪ੍ਰਿੰਸੀਪਲ ਡਾ. ਹਰੀ ਸਿੰਘ ਸੁਰਗਵਾਸ

### ਅੰਤਿਮ ਸੰਸਕਾਰ 15 ਅਗਸਤ ਦੁਪਹਿਰ 2 ਵਜੇ ਅਰਬਨ ਐਸਟੇਟ ਸ਼ਮਸ਼ਾਨ ਘਰ ਦੁੱਗਰੀ(ਲੁਧਿਆਣਾ) ਵਿਖੇ ਹੋਵੇਗਾ।



ਲੁਧਿਆਣਾ: 14ਅਗਸਤ : ਗੁਰੂ ਨਾਨਕ ਦੇਵ ਇੰਜਨੀਰਿੰਗ ਕਾਲਿਜ ਲੁਧਿਆਣਾ ਦੇ ਸਾਬਕਾ ਪ੍ਰਿੰਸੀਪਲ ਹਰੀ ਸਿੰਘ ਜੀ 13 ਅਗਸਤ ਨੂੰ ਸੁਰਗਵਾਸ ਹੋ ਗਏ ਹਨ। ਉਹ ਬਾਬਾ ਬਕਾਲਾ (ਅੰਮ੍ਰਿਤਸਰ) ਦੇ ਜੰਮਪਲ ਸਨ।

ਲਗਪਗ 35 ਸਾਲ ਉਹ ਗੁਰੂ ਨਾਨਕ ਇੰਜਨੀਰਿੰਗ ਕਾਲਿਜ ਵਿੱਚ ਪਹਿਲਾਂ ਇਲੈਕਟਰੀਕਲ ਇੰਜਨੀਰਿੰਗ ਦੇ ਪ੍ਰੋਫੈਸਰ ਤੇ ਮਗਰੋਂ ਇਸੇ ਕਾਲਿਜ ਦੇ ਪ੍ਰਿੰਸੀਪਲ ਰਹੇ।

ਇੰਜਨੀਰਿੰਗ ਪੜ੍ਹਾਉਣ ਤੋਂ ਬਿਨਾਂ ਉਹ ਆਪਣੇ ਸਹਿਕਰਮੀ ਤੇ ਮਨੋਂ ਮੰਨੇ ਵੱਡੇ ਵੀਰ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਨਾਲ ਮਿਲ ਕੇ ਸਾਹਿੱਤਕ ਤੇ ਸੱਭਿਆਚਾਰਕ ਸਰਗਰਮੀਆਂ ਦੇ ਵੀ ਸੰਚਾਲਕ ਰਹੇ। ਵਿਦਿਆਰਥੀਆਂ ਤੋਂ ਵਿਸ਼ਾਲ ਪੱਧਰ ਤੇ "ਆਨੰਦ ਉਤਸਵ" ਸ਼ੁਰੂ ਕਰਵਾ ਕੇ ਇਸ ਨੂੰ ਵਿਸ਼ੇਸ਼ ਸਰਗਰਮੀ ਬਣਾਇਆ। "ਕਲਾ ਸੰਗਮ ਸੰਗਠਨ" ਸੰਸਥਾ ਕਾਲਿਜ ਵਿੱਚ ਬਣਾ ਕੇ ਸਿਰਜਣਾਤਮਕ ਪ੍ਰਤਿਭਾਵਾਨ ਨੌਜਵਾਨ ਤਰਾਸ਼ੇ।

ਉਹ ਆਪ ਵੀ ਪੰਜਾਬੀ ਟ੍ਰਿਬਿਉਨ ਵਿੱਚ ਹਫ਼ਤਾਵਾਰੀ ਕਾਲਮ " ਕਣ ਕਣ ਵਿੱਚ ਵਿਗਿਆਨ" ਲਿਖਦੇ ਰਹੇ। ਉਤਸ਼ਾਹ ਦੀ ਮੂਰਤ ਸਨ ਸਭ ਲਈ।

ਸੇਵਾ ਮੁਕਤੀ ਉਪਰੰਤ ਉਹ ਚਾਰ ਸਾਲ ਸੰਤ ਹਰਚੰਦ ਸਿੰਘ ਲੌਂਗੋਵਾਲ ਇੰਜਨੀਰਿੰਗ ਤੇ ਟੈਕਨਾਲੋਜੀ ਇੰਸਟੀਚਿਊਟ ਦੇ ਡੀਨ ਰਹੇ। ਇਸ ਉਪਰੰਤ ਉਹ ਸੰਤ ਭਾਗ ਸਿੰਘ ਇੰਜਨੀਰਿੰਗ ਯੂਨੀਵਰਸਿਟੀ ਦੇ ਵੀ ਪੰਜ ਸਾਲਾਂ ਲਈ ਡੀਨ ਰਹੇ।

ਡਾ. ਹਰੀ ਸਿੰਘ ਇਸ ਵੇਲੇ 93 ਸਾਲ ਦੇ ਸਨ। ਆਪਣੇ ਪਿੱਛੇ ਉਹ ਦੋ ਪੁੱਤਰਾਂ ਸਮੇਤ ਪਰਿਵਾਰ ਛੱਡ ਗਏ ਹਨ। ਸੇਵਾ ਮੁਕਤੀ ਉਪਰੰਤ ਉਨ੍ਹਾਂ ਕੀਰਤਨ ਕਰਨਾ ਸਿੱਖਿਆ ਅਤੇ ਨਿਸ਼ਕਾਮ ਕੀਰਤਨ ਕਰਕੇ ਰੂਹ ਤ੍ਰਿਪਤਾਉਂਦੇ ਸਨ। ਜੀਵਨ ਸਾਥਣ ਪ੍ਰੋ. ਸੁਖਬੀਰ ਕੌਰ ਦੇ ਵਿਛੋੜੇ ਉਪਰੰਤ ਉਹ ਬਹੁਤਾ ਸਮਾਂ ਨਿਸ਼ਕਾਮ ਵਿਗਿਆਨ ਅਧਿਆਪਨ ਨੂੰ ਸਮਰਪਿਤ ਸਨ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਾਬਕਾ ਵਾਈਸ ਚਾਂਸਲਰ ਡਾ. ਸ ਪ ਸਿੰਘ,ਪ੍ਰਿੰਸੀਪਲ ਜਸਵੰਤ ਸਿੰਘ ਗਿੱਲ ਸਿਡਨੀ(ਆਸਟ੍ਰੇਲੀਆ) ਪੰਜਾਬ ਪਾਵਰ ਕਾਰਪੋਰੇਸ਼ਨ ਦੇ ਸਾਬਕਾ ਸੀ ਐੱਮ ਡੀ ਸ.ਬਲਵੇਵ ਸਿੰਘ ਸਰਾਂ, ਬ੍ਰਿਗੇਡੀਅਰ ਜ਼ੋਰਾ ਸਿੰਘ ਖੋਸਾ,ਪ੍ਰੋ. ਜਗਮੋਹਨ ਸਿੰਘ,ਸਾਬਕਾ ਵਿਧਾਇਕ ਨਾਜਰ ਸਿੰਘ ਮਾਨਸ਼ਾਹੀਆ, ਡਿਪਟੀ ਚੀਫ਼ ਇੰਜਨੀਅਰ ਰੀਟਾਇਰਡ ਪਰਮਜੀਤ ਸਿੰਘ ਧਾਲੀਵਾਲ(ਸਾਰੇ ਪੁਰਾਣੇ ਵਿਦਿਆਰਥੀ)ਪ੍ਰੋ. ਸੁਖਵੰਤ ਸਿੰਘ ਗਿੱਲ ਬਟਾਲਾ, ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਿਜ ਦੇ ਪ੍ਰਿੰਸੀਪਲ ਡਾ. ਸਹਿਜਪਾਲ ਸਿੰਘ, ਡੀ ਏ ਵੀ ਵਿੱਦਿਅਕ ਸੰਸਥਾਵਾਂ ਦੇ ਸਾਬਕਾ ਡਾਇਰੈਕਟਰ ਡਾ. ਸਤੀਸ਼ ਸ਼ਰਮਾ, ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਵੀ ਪਰਿਵਾਰ ਨਾਲ ਸੰਵੇਦਨਾ ਪ੍ਰਗਟ ਕਰਦਿਆਂ ਦੁੱਖ ਦਾ ਪ੍ਰਗਟਾਵਾ ਕੀਤਾ ਹੈ।


ਉਨ੍ਹਾਂ ਦੇ ਨਜ਼ਦੀਕੀ ਰਿਸ਼ਤੇਦਾਰ ਇੰਜ. ਸੁਰਿੰਦਰ ਸਿੰਘ ਵਿਰਦੀ ਮੁਤਾਬਕ ਅੰਤਿਮ ਸੰਸਕਾਰ 15 ਅਗਸਤ ਦੁਪਹਿਰ 2 ਵਜੇ ਅਰਬਨ ਐਸਟੇਟ ਦੁੱਗਰੀ ਸ਼ਮਸ਼ਾਨ ਘਾਟ ਦੁੱਗਰੀ(ਲੁਧਿਆਣਾ) ਵਿਖੇ ਹੋਵੇਗਾ।

## ਨਹਿਰੂ ਸਟੇਡੀਅਮ ਵਿਖੇ ਸੁਤੰਤਰਤਾ ਦਿਵਸ ਦੀ ਫੁੱਲ ਡਰੈਸ ਰਿਹਰਸਲ ਹੋਈ

### ਮੁੱਖ ਮੰਤਰੀ ਭਗਵੰਤ ਸਿੰਘ ਮਾਨ ਰਾਜ ਪੱਧਰੀ ਸਮਾਗਮ ਵਿੱਚ ਲਹਿਰਾਉਣਗੇ ਰਾਸ਼ਟਰੀ ਝੰਡਾ : ਡੀ.ਸੀ.



ਕੋਟਕਪੂਰਾ, 14 ਅਗਸਤ : ਸੁਤੰਤਰਤਾ ਦਿਵਸ ਮੌਕੇ ਹੋਣ ਵਾਲੇ ਰਾਜ ਪੱਧਰੀ ਸਮਾਗਮ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੇ ਸਥਾਨਕ ਨਹਿਰੂ ਸਟੇਡੀਅਮ ਵਿਖੇ ਫੁਲ ਡਰੈਸ ਰਿਹਰਸਲ ਦਾ ਜਾਇਜਾ ਲੈਂਦਿਆਂ ਕੀਤਾ ਅਤੇ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ। ਉਨ੍ਹਾਂ ਪਰੇਡ ਦਾ ਨਿਰੀਖਣ ਕੀਤਾ ਅਤੇ ਮਾਰਚ ਪਾਸਟ ਤੋਂ ਸਲਾਮੀ ਵੀ ਲਈ। ਇਸ ਮੌਕੇ ਡੀ.ਆਈ.ਜੀ. ਅਸ਼ਵਨੀ ਕਪੂਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਫੁੱਲ ਡਰੈੱਸ ਰਿਹਰਸਲ ਦੌਰਾਨ ਮਾਰਚ ਪਾਸਟ ਵਿਚ ਪੰਜਾਬ ਪੁਲਿਸ, ਪੰਜਾਬ ਪੁਲਿਸ ਮਹਿਲਾ ਵਿੰਗ, ਐਨ.ਸੀ.ਸੀ ਦੀਆਂ ਟੁੱਕੜੀਆਂ ਨੇ ਹਿੱਸਾ ਲਿਆ। ਇਸ ਤੋਂ ਬਾਅਦ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਪੀ.ਟੀ.ਸ਼ੋਅ, ਦੇਸ਼ ਭਗਤੀ ਤੇ ਅਧਾਰਿਤ ਕੋਰੀਓਗ੍ਰਾਫ਼ੀ ਤੋਂ ਇਲਾਵਾ ਗਿੱਧੇ ਅਤੇ ਭੰਗੜੇ ਦੀ ਪੇਸ਼ਕਾਰੀ ਕੀਤੀ ਗਈ। ਉਨ੍ਹਾਂ ਕਿਹਾ ਕਿ ਰਾਜ ਪੱਧਰੀ ਸਮਾਗਮ ਦੌਰਾਨ ਰਾਜ ਦੇ ਵੱਖ ਵੱਖ ਵਿਭਾਗਾਂ ਨੂੰ ਦਰਸਾਉਂਦੀਆਂ



ਝਾਕੀਆਂ, ਸੱਭਿਆਚਾਰਕ ਪ੍ਰੋਗਰਾਮ ਵਿਸ਼ੇਸ਼ ਖਿੱਚ ਦਾ ਕੇਂਦਰ ਹੋਣਗੇ। ਫੁੱਲ ਡਰੈੱਸ ਰਿਹਰਸਲ ਤੋਂ ਬਾਅਦ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੇ ਕਿਹਾ ਕਿ ਸੁੰਤਤਰਤਾ ਦਿਵਸ ਦੇ ਰਾਜ ਪੱਧਰੀ ਸਮਾਗਮ ਮੌਕੇ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵੱਲੋਂ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਰਾਜ ਪੱਧਰੀ ਸਮਾਗਮ ਦੌਰਾਨ ਸਮੂਹ ਵਿਭਾਗ ਆਪੋ-ਆਪਣੇ ਵਿਭਾਗ ਨਾਲ ਸਬੰਧਤ ਡਿਊਟੀ ਨੂੰ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣ ਅਤੇ ਕੋਈ ਵੀ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਮਾਗਮ ਲਈ ਸੁਰੱਖਿਆ ਦੇ ਪੁਖਤਾ ਇੰਤਜ਼ਾਮ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਸ਼ਹਿਰ ਦੀ ਸਾਫ-ਸਫਾਈ, ਟਰੈਫਿਕ ਵਿਵਸਥਾ ਸੁਚਾਰੂ ਢੰਗ ਨਾਲ, ਪੀਣ ਵਾਲੇ ਪਾਣੀ, ਆਰਜੀ ਪਖਾਨੇ, ਸਟੇਡੀਅਮ ਵਿਖੇ ਡਸਟਬਿਨ ਆਦਿ ਹਰ ਤਰ੍ਹਾਂ ਨਾਲ ਪ੍ਰਬੰਧ ਪੁਖਤਾ ਹੋਣੇ ਚਾਹੀਦੇ ਹਨ। ਇਸ ਮੌਕੇ ਐਸ.ਐਸ.ਪੀ ਡਾ. ਪ੍ਰੱਗਿਆ ਜੈਨ ਨੇ ਕਿਹਾ ਕਿ ਰਾਜ ਪੱਧਰੀ ਸਮਾਗਮ ਦੇ ਮੱਦੇਨਜ਼ਰ ਕਾਨੂੰਨੀ ਅਤੇ ਸੁਰੱਖਿਆ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਅਤੇ ਇਸ ਲਈ ਸੀ.ਸੀ.ਟੀ.ਵੀ.ਕੈਮਰਿਆਂ ਦੇ ਨਾਲ-ਨਾਲ ਕੰਟਰੋਲ ਰੂਮ ਵੀ ਸਥਾਪਿਤ ਕੀਤਾ ਗਿਆ ਹੈ। ਉਨ੍ਹਾਂ ਲੋਕਾਂ ਤੋਂ ਸਹਿਯੋਗ ਦੀ ਅਪੀਲ ਕੀਤੀ ਅਤੇ ਕਿਹਾ ਕਿ ਜੇਕਰ ਕੋਈ ਵੀ ਸ਼ੱਕੀ ਕਾਰਵਾਈ ਉਨ੍ਹਾਂ ਦੇ ਧਿਆਨ ਵਿੱਚ ਆਉਂਦੀ ਹੈ ਤਾਂ 112 ਤੇ ਫੋਨ ਕਰਕੇ ਸੂਚਿਤ ਕੀਤਾ ਜਾ ਸਕਦਾ ਹੈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿ) ਸ.ਨਰਭਿੰਦਰ ਸਿੰਘ ਗਰੇਵਾਲ, ਐਸ.ਡੀ.ਐਮ ਫ਼ਰੀਦਕੋਟ ਮੇਜਰ ਵਰੁਣ ਕੁਮਾਰ, ਸਿਵਲ ਸਰਜਨ ਡਾ. ਚੰਦਰ ਸ਼ੇਖਰ ਕੱਕੜ, ਐਸ.ਪੀ ਐਚ ਮਨਵਿੰਦਰ ਬੀਰ ਸਿੰਘ, ਐਕਸੀਅਨ ਪੀ.ਡਬਲਿਓ.ਡੀ ਨਵੀਨ ਕੁਮਾਰ, ਸੀ.ਡੀ.ਪੀ.ਓ ਰਤਨਦੀਪ ਕੌਰ, ਜ਼ਿਲ੍ਹਾ ਖੇਡ ਅਫ਼ਸਰ ਬਲਜਿੰਦਰ ਸਿੰਘ, ਜ਼ਿਲਾ ਸਿੱਖਿਆ ਅਫ਼ਸਰ ਐਲੀਮੈਂਟਰੀ ਅੰਜਨਾ ਕੌਸ਼ਲ, ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਨੀਲਮ ਰਾਣੀ, ਸੈਕਟਰੀ ਰੈਡ ਕਰਾਸ ਮਨਦੀਪ ਮੌਂਗਾ, ਜਸਬੀਰ ਜੱਸੀ ਤੋ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਹਾਜਰ ਸਨ।

## ਬਜ਼ੁਰਗਾਂ ਦਾ ਰੱਖੀਏ ਖ਼ਿਆਲ

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

ਪਿਛਲੇ ਦਿਨੀਂ ਸੰਯੁਕਤ ਰਾਸ਼ਟਰ ਵੱਲੋਂ ਜਾਰੀ ਰਿਪੋਰਟ ਮੁਤਾਬਕ ਭਾਰਤ ਦੀ ਆਬਾਦੀ 1 ਅਰਬ, 42 ਕਰੋੜ, 86 ਲੱਖ ਹੋ ਗਈ ਹੈ, ਜਦਕਿ ਚੀਨ ਦੀ ਆਬਾਦੀ ਭਾਰਤ ਤੋਂ 29 ਲੱਖ ਘੱਟ ਭਾਵ 1 ਅਰਬ, 42 ਕਰੋੜ, 57 ਲੱਖ ਹੈ। ਇਹ ਪਹਿਲੀ ਵਾਰ ਹੈ ਕਿ ਭਾਰਤ ਦੀ ਆਬਾਦੀ 1950 ਤੋਂ ਪਿੱਛੋਂ ਚੀਨ ਤੋਂ ਅੱਗੇ ਨਿਕਲ ਗਈ ਹੈ। ਸੰਯੁਕਤ ਰਾਸ਼ਟਰ ਵੱਲੋਂ 19 ਅਪ੍ਰੈਲ 2023 ਨੂੰ ਜਾਰੀ 'ਦ ਸਟੇਟ ਆਫ ਦ ਵਰਲਡ ਪਾਪੂਲੇਸ਼ਨ' ਮੁਤਾਬਕ 2050 ਤੱਕ ਭਾਰਤ ਦੀ ਆਬਾਦੀ 166.8 ਕਰੋੜ ਤੱਕ ਪਹੁੰਚ ਜਾਣ ਦਾ ਅਨੁਮਾਨ ਹੈ ਜਦਕਿ ਚੀਨ ਦੀ ਆਬਾਦੀ ਘਟ ਕੇ 131.7 ਕਰੋੜ ਹੋ ਸਕਦੀ ਹੈ। ਸੰਯੁਕਤ ਰਾਸ਼ਟਰ ਨੇ ਦੱਸਿਆ ਹੈ ਕਿ ਪੰਜਾਬ ਤੇ ਕੇਰਲ ਵਿੱਚ ਬਜ਼ੁਰਗ ਆਬਾਦੀ ਜ਼ਿਆਦਾ ਹੈ। 2030 ਤੱਕ ਭਾਰਤ ਦੀ ਬਜ਼ੁਰਗ ਆਬਾਦੀ ਦੁੱਗਣੀ ਹੋ ਕੇ 19 ਕਰੋੜ 20 ਲੱਖ ਪਹੁੰਚ ਜਾਵੇਗੀ, ਜੋ ਦੇਸ਼ ਦੇ ਜ਼ਿਆਦਾਤਰ ਦੱਖਣੀ ਤੇ ਪੱਛਮੀ ਸੂਬਿਆਂ ਵਿੱਚ ਹੋਵੇਗੀ। ਸਾਲ 2050 ਤੱਕ ਹਰੇਕ ਪੰਜਵਾਂ ਭਾਰਤੀ ਬਜ਼ੁਰਗ ਹੋਵੇਗਾ।

ਮੌਜੂਦਾ ਸਮੇਂ ਪਰਿਵਾਰ/ਸਮਾਜ ਵਿੱਚ ਵਿਅਕਤੀਵਾਦੀ ਰੁਚੀਆਂ ਪ੍ਰਬਲ ਹੁੰਦੀਆਂ ਜਾ ਰਹੀਆਂ ਹਨ। ਰਾਤੋ-ਰਾਤ ਅਮੀਰ ਬਣਨ, ਬਿਨਾਂ ਮਿਹਨਤ ਸਭ ਕੁਝ ਪ੍ਰਾਪਤ ਕਰਨ ਦੀ ਲਾਲਸਾ, ਸਿਰਫ ਤੇ ਸਿਰਫ ਆਪਣੇ ਬਾਰੇ ਸੋਚਣ ਦੀ ਪ੍ਰਵਿਰਤੀ ਨੇ ਸਾਡੀ ਸਨਾਤਨੀ ਪਰੰਪਰਾ ਨੂੰ ਢਾਹ ਲਾਈ ਹੈ। ਕਦੇ ਬਜ਼ੁਰਗ ਪਰਿਵਾਰ ਦਾ ਕੇਂਦਰੀ ਧੁਰਾ ਹੋਇਆ ਕਰਦੇ ਸਨ; ਸਭਿਅਤਾ, ਸੰਸਕ੍ਰਿਤੀ ਅਤੇ ਵਿਰਾਸਤ ਦੇ ਅਲਮਬਰਦਾਰ ਦੇ ਰੂਪ ਵਿੱਚ ਦੋ ਪੀੜ੍ਹੀਆਂ ਵਿਚਕਾਰ ਪੁਲ ਦਾ ਕੰਮ ਕਰਿਆ ਕਰਦੇ ਸਨ। ਪਿਛਲੇ ਦੋ ਤਿੰਨ ਦਹਾਕਿਆਂ ਵਿੱਚ ਸੰਯੁਕਤ ਪਰਿਵਾਰ ਪ੍ਰਣਾਲੀ ਦੇ ਖਾਤਮੇ ਨੇ ਤਾਂ ਇਸ ਸਮੱਸਿਆ ਵਿੱਚ ਜਿਵੇਂ ਅੱਗ ਵਿੱਚ ਘਿਓ ਦਾ ਕੰਮ ਕੀਤਾ ਹੈ।



ਅੱਜ ਦੇ ਸਮੇਂ ਵਿੱਚ ਹਰ ਵਿਅਕਤੀ ਦਾ ਉਦੇਸ਼ 'ਪਰਹਿਤ' ਦੀ ਥਾਂ 'ਸਵੈਹਿਤ' ਤੇ ਆ ਕੇ ਰੁਕ ਗਿਆ ਹੈ। ਦੂਜਿਆਂ ਬਾਰੇ ਸੋਚਣਾ, ਮਦਦ ਲਈ ਹੱਥ ਵਧਾਉਣਾ, ਤਿਆਗ- ਪਰਉਪਕਾਰ ਦੀ ਭਾਵਨਾ ਨੂੰ ਜੀਵਨ ਦਾ ਆਦਰਸ਼ ਬਣਾਉਣਾ ਜਿਵੇਂ ਕਿਸੇ ਕਿਤਾਬ ਵਿੱਚ ਲਿਖੀ ਇਬਾਰਤ ਤੱਕ ਹੀ ਸੀਮਿਤ ਹੋ ਕੇ ਰਹਿ ਗਿਆ ਹੈ। ਆਉਣ ਵਾਲੀ ਪੀੜ੍ਹੀ ਨੂੰ ਇਨ੍ਹਾਂ ਮਾਰਗਾਂ ਤੇ ਚੱਲਣ ਲਈ ਪ੍ਰੇਰਿਤ ਕੌਣ ਕਰੇ! ਆਧੁਨਿਕਤਾ ਦੀ ਦੌੜ ਵਿੱਚ ਅਸੀਂ ਬਜ਼ੁਰਗਾਂ ਨੂੰ ਹਾਸ਼ੀਏ ਤੇ ਧੱਕ ਦਿੱਤਾ ਹੈ। ਜਦੋਂ ਘਰ ਵਿੱਚ ਬਜ਼ੁਰਗਾਂ ਦੀ ਸਿੱਖਿਆ ਨੂੰ ਪੁਰਾਤਨਪੰਥੀ ਕਹਿ ਕੇ ਮਜ਼ਾਕ ਉਡਾਇਆ ਜਾਣ ਲੱਗਾ ਹੋਵੇ, ਸੋਚੋ- ਕਿਹੋ ਜਿਹਾ ਲੱਗਦਾ ਹੋਵੇਗਾ ਉਨ੍ਹਾਂ ਨੂੰ! ਇਹ ਸਥਿਤੀ ਅੱਜ ਕਿਸੇ ਘਰ, ਪਰਿਵਾਰ, ਸਮਾਜ, ਪਿੰਡ, ਕਸਬੇ ਤੱਕ ਹੀ ਸੀਮਿਤ ਨਾ ਰਹਿ ਕੇ ਸਰਬਵਿਆਪੀ ਹੁੰਦੀ ਜਾ ਰਹੀ ਹੈ। ਸਾਡਾ ਸਮਾਜ ਇੱਕ ਅਜਿਹੇ ਨਾਜ਼ੁਕ ਦੌਰ ਵਿੱਚੋਂ ਲੰਘ ਰਿਹਾ ਹੈ, ਜੋ ਭਾਵਨਾਵਾਂ ਅਤੇ ਸੰਵੇਦਨਾਵਾਂ ਦੇ ਲਿਹਾਜ਼ ਨਾਲ ਸੋਚਣ ਨੂੰ ਮਜਬੂਰ ਕਰਦਾ ਹੈ।

ਅਸਲ ਵਿੱਚ ਬਜ਼ੁਰਗਾਂ ਦੀ ਸਮੱਸਿਆ ਉਮਰ ਨਾਲ ਜੁੜੀ ਹੋਈ ਨਹੀਂ ਹੈ। ਇਸ ਵਿੱਚ ਬੜਾ ਵੱਡਾ ਯੋਗਦਾਨ ਮਨੋਸਥਿਤੀ ਦਾ ਹੈ। ਜੇ ਬਜ਼ੁਰਗ ਕਿਰਿਆਸ਼ੀਲ ਰਹਿਣ, ਸਮਾਜ ਦੀ ਮੁੱਖ ਧਾਰਾ ਨਾਲ ਜੁੜੇ ਰਹਿਣ, ਉਨ੍ਹਾਂ ਨੂੰ ਆਪਣਿਆਂ ਦਾ ਪਿਆਰ, ਅਪਣੱਤ ਮਿਲੇ, ਉਨ੍ਹਾਂ ਦੇ ਅਨੁਭਵਾਂ ਤੇ ਯੁਵਾ ਪੀੜ੍ਹੀ ਚੱਲੇ ਤਾਂ ਸ਼ਾਇਦ ਬਜ਼ੁਰਗਾਂ ਦੀ ਸਮੱਸਿਆ ਦਾ ਕੋਈ ਹੱਲ ਨਿਕਲ ਸਕਦਾ ਹੈ। ਪਰ ਉਮਰ ਦੇ ਇੱਕ ਪੜਾਅ ਪਿੱਛੋਂ ਜੀਂਦਾ ਜਾਗਦਾ ਇਨਸਾਨ, ਜਿਸ ਵਿੱਚ ਭਾਵਨਾ, ਕਰੁਣਾ, ਸੰਵੇਦਨਾ ਅਤੇ ਇੱਛਾ ਹੁੰਦੀ ਹੈ, ਉਹ ਨੂੰ ਭੁਲਾ ਦਿੱਤਾ ਜਾਂਦਾ ਹੈ। ਉਹਨੂੰ ਸਿਰਫ਼ ਵਸਤੂ ਸਮਝਣ ਦੀ ਗਲਤੀ ਕੀਤੀ ਜਾਣ ਲੱਗਦੀ ਹੈ। ਉਹ ਵੀ ਬੇਕਾਰ ਦੀ ਇਸੇ ਮਾਨਸਿਕਤਾ ਕਾਰਨ ਅੱਜ ਕਈ ਘਰਾਂ ਵਿੱਚ ਬਜ਼ੁਰਗ ਅਪਮਾਨ ਦਾ ਘੁੱਟ ਭਰਨ ਨੂੰ ਮਜਬੂਰ ਹਨ। ਜਿੱਥੇ ਪਰਿਵਾਰ ਦੇ ਹਰ ਮੈਂਬਰ ਦੀ ਆਪਣੀ ਪਸੰਦ ਨਾਪਸੰਦ ਹੈ, ਰਹਿਣ ਨੂੰ ਆਪਣਾ ਕਮਰਾ ਹੈ, ਭੋਜਨ ਵਿੱਚ ਉਨ੍ਹਾਂ ਦੀ ਪਸੰਦ ਨਾਪਸੰਦ ਦਾ ਖਿਆਲ ਰੱਖਿਆ ਜਾਂਦਾ ਹੈ। ਇੱਥੋਂ ਤੱਕ ਕਿ ਪਾਲਤੂ ਜਾਨਵਰ ਦੇ ਵੀ ਖਾਣ ਪੀਣ, ਰਹਿਣ ਅਤੇ ਲੋੜ ਦਾ ਧਿਆਨ ਰੱਖਿਆ ਜਾਂਦਾ ਹੈ। ਪਰ ਬਜ਼ੁਰਗਾਂ ਦੀ ਤਾਂ ਜਿਵੇਂ ਕੋਈ ਇੱਛਾ ਭਾਵਨਾ ਹੈ ਹੀ ਨਹੀਂ। ਉਹ ਜਿਵੇਂ ਸਮਾਨ ਦੀ ਬੇਜਾਨ ਗੰਢੜੀ ਹੋਣ, ਜੀਹਨੂੰ ਜਦੋਂ ਜੀਅ ਕੀਤਾ ਏਧਰ ਓਧਰ ਧੱਕ ਦਿੱਤਾ। ਜੀਹਨੂੰ ਘਰ ਵਿੱਚ ਇੱਕ ਭਾਰ ਸਮਝਣ ਦੀ ਮਾਨਸਿਕਤਾ ਸਭ ਦੇ ਦਿਮਾਗ ਵਿੱਚ ਘਰ ਕਰ ਜਾਂਦੀ ਹੈ।

ਜੀਵਨ ਦੇ ਆਖਰੀ ਪੜਾਅ ਵਿੱਚ ਜਿੱਥੇ ਪ੍ਰੇਮ, ਸਨਮਾਨ, ਅਪਣੱਤ ਦੀ ਬੇਹੱਦ ਲੋੜ ਹੁੰਦੀ ਹੈ, ਉੱਥੇ ਮਿਲਦੀ ਹੈ ਆਪਣਿਆਂ ਵੱਲੋਂ ਝਿੜਕ, ਅੱਖਾਂ ਵਿੱਚ ਆਈ ਘਿਰਣਾ, ਜੀਹਨੂੰ ਵਿਚਾਰੇ ਬਜ਼ੁਰਗ ਸਹਿਣ ਨਹੀਂ ਕਰ ਸਕਦੇ ਅਤੇ ਉਸੇ ਛੱਤ ਹੇਠਾਂ ਤਿਲ ਤਿਲ ਮਰਨ ਨੂੰ ਮਜਬੂਰ ਹੁੰਦੇ ਰਹਿੰਦੇ ਹਨ। ਪਤਾ ਨਹੀਂ ਇੱਕ ਦਿਨ ਵਿੱਚ ਕਿੰਨੀ ਵਾਰ ਮਰਦੇ ਹਨ ਅਜਿਹੇ ਬਦਕਿਸਮਤ ਬਜ਼ੁਰਗ! ਉਨ੍ਹਾਂ ਦੇ ਬੁੱਲ੍ਹਾਂ ਤੇ ਇੱਕ ਹੀ ਸ਼ਬਦ ਹੁੰਦਾ ਹੈ, "ਹੇ ਮਾਲਕ! ਰਹਿਮ ਕਰ! ਹੁਣ ਤਾਂ ਇਸ ਜਹਾਨ ਤੋਂ ਚੁੱਕ ਲੈ!" ਪਰ ਮੌਤ ਮੰਗਿਆਂ ਥੋੜ੍ਹੋ ਮਿਲਦੀ ਹੈ, ਉਹਦਾ ਵੀ ਇੱਕ ਨਿਸ਼ਚਿਤ ਸਮਾਂ ਹੁੰਦਾ ਹੈ। ਕੁਝ ਬਜ਼ੁਰਗ ਹਰ ਰੋਜ਼ ਮੌਤ ਦਾ ਤਾਂਡਵ ਸਹਿਣ ਨਹੀਂ ਕਰ ਸਕਦੇ ਅਤੇ ਸਿੱਧੇ ਮੌਤ ਨੂੰ ਗਲ ਨਾਲ ਲਾ ਲੈਣ ਵਰਗਾ ਕਦਮ ਚੁੱਕਣ ਨੂੰ ਮਜਬੂਰ ਹੋ ਜਾਂਦੇ ਹਨ। ਕੁਝ ਅਜਿਹੇ ਵੀ ਹੁੰਦੇ ਹਨ ਜਿਨ੍ਹਾਂ ਨੂੰ ਬਜ਼ੁਰਗ ਘਰਾਂ ਵਿੱਚ ਸਕੂਨ ਨਜ਼ਰ ਆਉਂਦਾ ਹੈ। ਅਜਿਹੇ ਬਜ਼ੁਰਗਾਂ ਦੀ ਕਮੀ ਵੀ ਨਹੀਂ ਹੈ ਜੋ ਇਹਨੂੰ ਆਪਣੀ ਕਿਸਮਤ ਸਮਝ ਕੇ ਆਪਣੇ ਘਰ ਵਿੱਚ ਹੀ ਕੈਦ ਹੋ ਕੇ ਜੀਵਨ ਦੇ ਬਚੇ ਸਾਹ ਲੈਣ ਨੂੰ ਮਜਬੂਰ ਹੋ ਜਾਂਦੇ ਹਨ।

ਅੱਜ ਸਭ ਤੋਂ ਵੱਧ ਲੋੜ ਹੈ ਬਜ਼ੁਰਗਾਂ ਦੇ ਮਨੋਵਿਗਿਆਨ ਨੂੰ ਸਮਝਣ ਦੀ। ਬਜ਼ੁਰਗ ਅਤੇ ਯੁਵਾ ਇਹ ਦੋਵੇਂ ਸਮਾਜ ਦੇ ਉਹ ਧੁਰੇ ਹਨ ਜਿਨ੍ਹਾਂ ਦੇ ਵਿਚਾਲੇ ਆਪਸੀ ਤਾਲਮੇਲ, ਮਨੋਭਾਵਾਂ ਨੂੰ ਸਮਝਣ ਦੀ ਖਾਸ ਲੋੜ ਹੈ। ਉਮਰ ਦੇ ਇੱਕ ਪੜਾਅ ਤੇ ਆ ਕੇ ਇਨਸਾਨ ਨੂੰ ਨਾ ਸਿਰਫ ਢਿੱਡ ਭਰ ਰੋਟੀ, ਰਹਿਣ ਨੂੰ ਛੱਤ ਅਤੇ ਪਹਿਨਣ ਨੂੰ ਕੱਪੜੇ ਹੀ ਚਾਹੀਦੇ ਹਨ ਸਗੋਂ ਉਸਤੋਂ ਵੀ ਵੱਧ ਕੇ ਚਾਹੀਦਾ ਹੈ ਆਪਣਿਆਂ ਦਾ ਸਾਥ। ਕੋਈ ਹੋਵੇ ਜਿਸ ਨਾਲ ਉਹ ਆਪਣੇ ਮਨ ਵਿੱਚ ਉਠ ਰਹੇ ਜਜ਼ਬਾਤ ਨੂੰ ਸਾਂਝਾ ਕਰ ਸਕਣ। ਉਹਨੂੰ ਅਹਿਸਾਸ ਦਿਵਾ ਸਕਣ ਕਿ ਅਜੇ ਉਸ ਘਰ ਪਰਿਵਾਰ ਵਿੱਚ ਉਹਦਾ ਆਪਣਾ ਵਜੂਦ ਹੈ। ਉਹ ਉਸ ਘਰ ਦਾ ਬਜ਼ੁਰਗ ਹੈ। ਭਾਵੇਂ ਬਜ਼ੁਰਗਾਂ ਨੂੰ ਚਾਂਦੀ ਸੋਨੇ ਦੇ ਭਾਂਡਿਆਂ ਵਿੱਚ ਖਾਣਾ ਪਰੋਸਿਆ ਜਾਂਦਾ ਹੋਵੇ, ਉਨ੍ਹਾਂ ਦੇ ਰਹਿਣ ਲਈ ਬੇਹਤਰੀਨ ਪ੍ਰਬੰਧ ਹੋਵੇ, ਪਰ ਜਦੋਂ ਤੱਕ ਉਨ੍ਹਾਂ ਨੂੰ ਉਨ੍ਹਾਂ ਦ ਹੋਣ ਦਾ, ਉਨ੍ਹਾਂ ਦੇ ਅਸਤਿਤਵ ਦਾ ਆਭਾਸ ਨਾ ਕਰਾ ਦਿੱਤਾ ਜਾਵੇ, ਉਨ੍ਹਾਂ ਦੀਆਂ ਸੰਵੇਦਨਾਵਾਂ ਅਤੇ ਭਾਵਨਾਵਾਂ ਨੂੰ ਪੂਰਾ ਸਨਮਾਨ ਨਾ ਦਿੱਤਾ ਜਾਵੇ, ਉਨ੍ਹਾਂ ਲਈ ਕੀਤੇ ਗਏ ਹੋਰ ਯਤਨ ਵਿਅਰਥ ਹੀ ਹੋਣਗੇ।

ਅਜਿਹਾ ਨਹੀਂ ਹੈ ਕਿ ਬਜ਼ੁਰਗਾਂ ਨੂੰ ਹੀ ਆਪਣਿਆਂ ਦੀ ਲੋੜ ਹੈ। ਅਸਲ ਵਿੱਚ ਅੱਜ ਦੀ ਇਸ ਭੱਜਦੀ ਦੌੜਦੀ ਆਧੁਨਿਕਤਾ ਦਾ ਪਿੱਛਾ ਕਰ ਰਹੀ ਭੁੱਲੀ ਭਟਕੀ ਯੁਵਾ ਪੀੜ੍ਹੀ, ਜਿਸਦੇ ਜੀਵਨ ਵਿੱਚ ਨਿਰਾਸ਼ਾ ਪੈਦਾ ਹੋ ਚੁੱਕੀ ਹੈ, ਚਾਰੇ ਪਾਸਿਉਂ ਕਈ ਤਰ੍ਹਾਂ ਦੇ ਦਬਾਅ ਨਾਲ ਦੱਬੀ ਜਾ ਰਹੀ ਹੈ ਅਤੇ ਆਪਣਾ ਸਰਵਸ੍ਰੇਸ਼ਟ ਪ੍ਰਦਰਸ਼ਨ ਕਰਨ ਵਿੱਚ ਆਪਣੀ ਸਭ ਕੁਝ, ਏਥੋਂ ਤੱਕ ਕਿ ਸੁਖ ਚੈਨ ਲੁਟਾ ਬੈਠੀ ਹੈ – ਅਜਿਹੀ ਹਾਲਤ ਵਿੱਚ ਬਜ਼ੁਰਗ ਦੇਵਦੂਤ ਬਣ ਕੇ ਆਪਣੇ ਗਿਆਨ ਅਤੇ ਅਨੁਭਵ ਨਾਲ ਉਹਦੀਆਂ ਸਾਰੀਆਂ ਪ੍ਰੇਸ਼ਾਨੀਆਂ ਨੂੰ ਦੂਰ ਕਰਨ ਵਿੱਚ ਸਹਾਇਕ ਸਿੱਧ ਹੋ ਸਕਦੇ ਹਨ।

## ਚੋਰ ?



ਵਰਲਡ ਪੰਜਾਬੀ ਟਾਈਮਜ਼
ਰੋਮੀ ਘੜਾਮੇਂ ਵਾਲ਼ਾ

ਚੋਰ ਨੇ ਵੱਡੀ ਚੋਰੀ ਕਰ ਲਈ,
ਲਾ ਕੋਈ ਵੱਡਾ ਦਾਅ।
ਮਾੜੀ ਕਿਸਮਤ ਨੂੰ ਪਰ ਥਾਵੇਂ ਈ,
ਗਿਆ ਅੜਿੱਕੇ ਆ।

ਸਿੱਟ ਲਿਆ ਵਿੱਚ ਹਵਾਲਾਤ ਦੇ,
ਸਖਤ ਬਣਾ ਕੇ ਕੇਸ।
ਲਾ ਕੇ ਹੱਥਕੜੀਆਂ ਫਿਰ ਕਰ 'ਤਾ,
ਰਾਜੇ ਮੂਹਰੇ ਪੇਸ਼।

ਸੁਣ ਕੇ ਕੁੱਲ ਤਫਤੀਸ਼ ਨੂੰ ਰਾਜਾ,
ਗਿਆ ਗੁੱਸੇ ਵਿੱਚ ਆ।
ਸਿੱਧੀ ਹੀ ਉਸ ਫਾਂਸੀ ਦੀ ਫਿਰ,
ਦਿੱਤੀ ਸਜ਼ਾ ਸੁਣਾ।

ਕਹਿੰਦਾ "ਵਿਚਿੱਤਰ, ਅਦਭੁੱਤ, ਦੁਰਲੱਭ,
ਚੀਜ ਬੜੀ ਹੀ ਖ਼ਾਸ।
ਇੱਕ ਕਿੱਲੋ ਕੁ ਕਰਾਮਾਤੀ ਨੇ,
ਹੀਰੇ ਮੇਰੇ ਪਾਸ।

ਅਸੂਲ ਮੁਤਾਬਕ ਕਾਜੀ ਕਹਿੰਦਾ,
"ਆਖਰੀ ਇੱਛਾ ਬੋਲ।"
ਚੋਰ ਲੱਗਾ ਫਿਰ ਦੱਸਣ ਜੀ,
ਕਾਜੀ ਨੂੰ ਸੱਦ ਕੇ ਕੋਲ਼।

ਦਿੱਤੇ ਸਨ ਇੱਕ ਫੱਕਰ ਨੇ ਤੇ
ਵਿਧੀ ਸੀਗੀ ਸਮਝਾਈ।
ਆਖਿਆ ਸੀ ਕਰਵਾਈਂ ਇਹਨਾਂ ਦੀ,
ਫਸਲਾਂ ਵਾਂਗ ਬਿਜਾਈ।

ਬੂਟਿਆਂ ਵਾਂਗੂੰ ਉੱਗਣਗੇ ਤੇ
ਜਿਣਸ ਲੱਗਣਗੇ ਹੀਰੇ।
ਤੋੜ ਤੋੜ ਕੇ ਫੇਰ ਭਰ ਲਵੀਂ,
ਬੇਸ਼ੱਕ ਕੁੱਪ, ਗਹੀਰੇ।

ਪਰ ਮੈਂ ਤਾਂ ਹੁਣ ਇਸ ਦੁਨੀਆ ਤੋਂ,
ਪਾ ਦੇਣੇ ਨੇ ਚਾਲੇ।
ਇੱਛਾ ਹੈ ਬੱਸ ਇਹਨਾਂ ਨੂੰ,
ਕਰ ਦੇਵਾਂ ਕਿਸੇ ਹਵਾਲੇ।"

ਪੂਰੀ ਗੱਲ ਨਾ ਸੁਣੀ ਰਾਜੇ ਨੇ,
ਕਹਿੰਦਾ "ਫੜ ਕੇ ਲਿਆਉ।"
ਜਲਦੀ ਜਲਦੀ ਮਹਿਲਾਂ ਪਿਛਲਾ,
ਵਾਹਣ ਤਿਆਰ ਕਰਵਾਉ।"

ਤਿਆਰ ਹੋ ਗਿਆ ਵਾਹਣ ਰਾਜਾ ਫਿਰ,
ਚੋਰ ਨੂੰ ਕਰੇ ਇਸ਼ਾਰੇ।
ਕਹਿੰਦਾ 'ਚੱਲ ਬਈ ਜਲਦੀ ਜਲਦੀ,
ਲਾ ਦੇ ਯਾਰਾ ਬੁਆਰੇ।"

ਅੱਗਿਉਂ ਆਖੇ ਚੋਰ "ਰਾਜਾ ਜੀ!,
ਬੀਜਣੇ ਨਹੀਂ ਬਿਜਵਾਉਣੇ।
ਆਖਿਆ ਸੀ ਫੱਕਰ ਨੇ,
ਤੇਰੇ ਹੱਥੋਂ ਬੀਜੇ ਨਹੀਂ ਹੋਣੇ।

ਕਿਉਂਕਿ ਮੈਂ ਤਾਂ ਚੋਰ ਹਾਂ,
ਲਿਆਉ ਲੱਭ ਕੇ ਬੰਦਾ ਹੋਰ।
ਬੱਸ ਇੱਕੋ ਹੀ ਸ਼ਰਤ ਹੈ,
ਹੋਣਾ ਚਾਹੀਦਾ ਨ੍ਹੀ ਚੋਰ।

ਆਪ ਜੀ ਬੀਜੋ ਚਾਹੇ ਆਪਣੇ,
ਕਾਜੀ ਤੋਂ ਬਿਜਵਾਉ।
ਬੇਸ਼ੱਕ ਮੰਤਰੀ-ਮੰਡਲ ਵਿੱਚੋਂ,
ਸੱਦ ਕਿਸੇ ਨੂੰ ਲਿਆਉ।"

ਰਾਜਾ ਤੱਕੇ ਕਾਜੀ ਨੂੰ ਤੇ
ਕਾਜੀ ਵਜ਼ੀਰਾਂ ਵੱਲ।
ਸਭ ਦੀਆਂ ਪੈ ਗਈਆਂ ਨੀਵੀਆਂ,
ਨਾ ਆਵੇ ਕਿਸੇ ਨੂੰ ਗੱਲ।

ਚੋਰ ਨੇ ਤੋੜੀ ਚੁੱਪ ਤੇ ਕਹਿੰਦਾ,
"ਸੁਣੋ ਜੀ ਕਰਕੇ ਗੌਰ।
ਤੂੰ ਵੀ, ਮੈਂ ਵੀ, ਉਹ ਵੀ, ਇਹ
ਵੀ, ਸਾਰੇ ਈ ਏਥੇ ਚੋਰ।"

ਜਿੰਨੇ ਕੁ ਵੀ ਸਾਧ, ਸ਼ਰੀਫ ਜਾਂ
ਸਾਊ ਰਹੇ ਅਖਵਾ।
ਪਿੰਡ ਘੜਾਮੇਂ ਰੋਮੀ ਜਿਹਿਆਂ ਦਾ,
ਲੱਗਿਆ ਨ੍ਹੀ ਬੱਸ ਦਾਅ।

ਜਦ ਵੀ ਲੱਗ ਗਿਆ ਲਾਹ ਸੁੱਟਣਗੇ,
ਸਾਧਪੁਣੇ ਦੀ ਖੱਲ।
ਮੰਨੋ ਜਾਂ ਨਾ ਮੰਨੋ ਭਾਵੇਂ,
ਇਹ ਹੈ ਸੱਚ ਅਟੱਲ।
ਬੇਲੀਉ! ਇਹ ਹੈ ਸੱਚ ਅਟੱਲ........।

## ਗੀਤ

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ

ਦੇਸ਼ 'ਚ ਅੰਨੀ ਲੁੱਟ ਮਚਾ ਗਏ ਨਸ਼ਿਆਂ ਦੇ ਵਿਉਪਾਰੀ।
ਕੀ-ਕੀ ਦੱਸਾਂ ਕੀ-ਕੀ ਖਾ ਗਏ ਨਸ਼ਿਆਂ ਦੇ ਵਿਉਪਾਰੀ।
ਸੜਕਾਂ ਖਾ ਗਏ ਬਿਜਲੀ ਖਾ ਗਏ ਖਾ ਗਏ ਮੰਦਿਰ ਦੁਆਰੇ।
ਚੜ੍ਹਤ ਚੜ੍ਹਾਵੇ ਘਰ ਨੂੰ ਲੈ ਗਏ ਦਫ਼ਤਰ ਖਾ ਗਏ ਸਾਰੇ।
ਕਰਜ਼ੇ ਵਾਲਾ ਬੋਝ ਚੜ੍ਹਾ ਗਏ ਨਸ਼ਿਆਂ ਦੇ ਵਿਉਪਾਰੀ।
ਦੇਸ਼ 'ਚ ਅੰਨੀ ਲੁੱਟ ਮਚਾ ਗਏ ਨਸ਼ਿਆਂ ਦੇ ਵਿਉਪਾਰੀ।
ਛੈਲ ਛਬੀਲੇ ਗਭਰੂ ਨਾਰਾਂ ਆਤੰਕ ਦੇ ਨਾਲ ਜੋੜੇ।
ਨਸ਼ਿਆਂ ਗੰਨੇ ਵਾਗੂੰ ਪੀੜ ਦੇ ਲੱਕ ਦੇ ਵਿੱਚੋਂ ਤੋੜੇ।
ਕੌਡੀਆਂ ਭਾਅ ਬੱਚੇ ਮਰਵਾ ਗਏ ਨਸ਼ਿਆਂ ਦੇ ਵਿਉਪਾਰੀ।
ਦੇਸ਼ 'ਚ ਅੰਨੀ ਲੁੱਟ ਮਚਾ ਗਏ ਨਸ਼ਿਆਂ ਦੇ ਵਿਉਪਾਰੀ।
ਮੌਜੂਦਾ ਹਾਲਾਤ 'ਚ ਦਿੱਤੇ ਲਾਲਚ ਦੇ ਸੰਮੋਹਨ।
ਦੇ ਕੇ ਜ਼ਖ਼ਮ ਅਵੱਲੇ ਸਾਰੇ ਲੂਣ ਲਗਾ ਕੇ ਧੋਵਨ।
ਉਜਲਾ ਭਵਿੱਖ ਲੁੱਟਣ ਆ ਗਏ ਨਸ਼ਿਆਂ ਦੇ ਵਿਉਪਾਰੀ।
ਦੇਸ਼ 'ਚ ਅੰਨੀ ਲੁੱਟ ਮਚਾ ਗਏ ਨਸ਼ਿਆਂ ਦੇ ਵਿਉਪਾਰੀ।
ਬੇਰੁਜ਼ਗਾਰੀ ਦੇ ਨਾਂ ਉਤੇ ਲੁੱਟ ਲਏ ਸ਼ਹਿਰ ਨਗੀਨੇ।
ਥਾਂ-ਥਾਂ ਉਤ ਪ੍ਰੇਰਕ ਛਡ 'ਤੇ ਪੀਵਣ ਖ਼ੂਨ ਕਮੀਨੇ।
ਸਦੀਆਂ ਤੀਕਰ ਜਨ ਤੜਪਾ ਗਏ ਨਸ਼ਿਆਂ ਦੇ ਵਿਉਪਾਰੀ।
ਦੇਸ਼ 'ਚ ਅੰਨੀ ਲੁੱਟ ਮਚਾ ਗਏ ਨਸ਼ਿਆਂ ਦੇ ਵਿਉਪਾਰੀ।
ਸੰਵੇਦਨ ਸ਼ੀਲ ਅਦਾਵਾਂ ਦੇ ਵਿਚ ਕੱਟੜਤਾ ਭਰ ਦਿੱਤੀ।
ਸੋਚ-ਮੁਹੱਬਤ ਵਾਲੀ ਸਾਰੀ ਲੰਗੜੀ ਹੀ ਕਰ ਦਿੱਤੀ।
ਹਰ ਰਿਸ਼ਤੇ ਵਿਚ ਗੁੰਝਲਾਂ ਪਾ ਗਏ ਨਸ਼ਿਆਂ ਦੇ ਵਿਉਪਾਰੀ।
ਦੇਸ਼ 'ਚ ਅੰਨੀ ਲੁੱਟ ਮਚਾ ਗਏ ਨਸ਼ਿਆਂ ਦੇ ਵਿਉਪਾਰੀ।
ਪਾਕਿ-ਪਵਿੱਤਰ ਸੱਤਾ ਸਾਰੀ ਲੋਕਾਂ ਤੋਂ ਹਤਿਆਈ।
ਹਰਨਾਕਸ਼ ਦੇ ਵਾਗੂੰ ਕਰਦੇ ਅਪਣੀ ਖ਼ੁਦ ਵਡਿਆਈ।
ਕੋਰਟ ਕਚਹਿਰੀ ਦੇ ਵਿਚ ਛਾ ਗਏ ਨਸ਼ਿਆਂ ਦੇ ਵਿਉਪਾਰੀ।
ਦੇਸ਼ 'ਚ ਅੰਨੀ ਲੁੱਟ ਮਚਾ ਗਏ ਨਸ਼ਿਆਂ ਦੇ ਵਿਉਪਾਰੀ।
ਰਹਿਬਰ ਵਾਲਾ ਭੇਸ ਬਦਲ ਕੇ ਲੁੱਟਿਆ ਖ਼ੂਬ ਖ਼ਜ਼ਾਨਾ।
ਖ਼ੁਸ਼ਹਾਲੀ ਦੇ ਉਪਰ ਲਾਇਆ ਤੀਰਾਂ ਨਾਲ ਨਿਸ਼ਾਨਾ।
ਉਂਗਲਾਂ ਉਪਰ ਵਕਤ ਨਚਾ ਗਏ ਨਸ਼ਿਆਂ ਦੇ ਵਿਉਪਾਰੀ।
ਦੇਸ਼ 'ਚ ਅੰਨੀ ਲੁੱਟ ਮਚਾ ਗਏ ਨਸ਼ਿਆਂ ਦੇ ਵਿਉਪਾਰੀ।
ਪੀੜ੍ਹੀਆਂ ਤੀਕਰ ਗ਼ਲਤ ਰਵਾਇਤਾਂ ਮਸਤਕ ਦੇ ਵਿਚ ਭਰੀਆਂ।
ਜਿੱਦਾਂ ਬਿੱਲੀਆਂ ਸ਼ੇਰਾਂ ਕੋਲੋਂ ਗੁੱਠੇ ਲਗ-ਲਗ ਡਰੀਆਂ।
ਸੋਚਾਂ ਨੂੰ ਏਦਾਂ ਉਲਝਾ ਗਏ ਨਸ਼ਿਆਂ ਦੇ ਵਿਉਪਾਰੀ।
ਦੇਸ਼ 'ਚ ਅੰਨੀ ਲੁੱਟ ਮਚਾ ਗਏ ਨਸ਼ਿਆਂ ਦੇ ਵਿਉਪਾਰੀ।
ਜਾਗ੍ਰਤੀ ਨੇ ਸੋਚਾਂ ਦੇ ਵਿਚ ਇੱਕ ਕਰਾਂਤੀ ਦਿੱਤੀ।
ਨਵ ਯੁਵਕਾਂ ਨੇ ਹਾਰੀ ਹੋਈ ਸਾਰੀ ਬਾਜ਼ੀ ਜਿੱਤੀ।
ਡੂੰਘੀ ਪੀੜਾਂ ਵਿਚ ਕੁਰਲਾ ਗਏ ਨਸ਼ਿਆਂ ਦੇ ਵਿਉਪਾਰੀ।
ਦੇਸ਼ 'ਚ ਅੰਨੀ ਲੁੱਟ ਮਚਾ ਗਏ ਨਸ਼ਿਆਂ ਦੇ ਵਿਉਪਾਰੀ।
ਉਨਤੀ ਵਾਲੇ ਸਾਰੇ ਗੁਲਸ਼ਨ ਖ਼ੁਸ਼ਹਾਲੀ ਵਿਚ ਹੋਏ।
ਵੱਖੋ-ਵੱਖਰੇ ਫੁੱਲਾਂ ਵਾਲੇ ਸੁੰਦਰ ਹਾਰ ਪਿਰੋਏ।
ਫੇਰ ਸੁਧਾਰ ਘਰਾਂ ਵਿਚ ਆ ਗਏ ਨਸ਼ਿਆਂ ਦੇ ਵਿਉਪਾਰੀ।
ਏਸ ਕਰਕੇ ਬਾਲਮ ਦੀ ਹੈ ਗੀਤਾਂ ਵਿਚ ਸਰਦਾਰੀ।

## ਪੰਜਾਬੀ ਸਾਹਿਤਕ ਯਾਦਾਂ*

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਨਾ ਉਹ ਸਾਹਿਤਕਾਰ ਰਹੇ ।
ਨਾ ਰਹੀਆਂ ਉਹ ਬਸਤੀਆਂ।
ਨਾ ਗਾਫਲ ਰਹੇ ਨਾਂ ਹੀ ਕੈਫ
ਨਾ ਰਹੀਆਂ ਉਹ ਮਸਤੀਆਂ।
ਗੁਲ ਹੋਈਆਂ ਗੁਲਜ਼ਾਰਾਂ
ਮਹਿਫਲਾਂ ਹੋਈ ਸਖ਼ਤੀਆਂ।
ਚਮਕਦੇ ਸਨ ਸਾਡੇ ਅਣਖੀਲੇ
ਨਾਜ਼ ਥਾਂ ਉਹਨਾਂ ਹਸਤੀਆਂ।।
ਟਾਂਵੇਂ ਟਾਂਵੇਂ ਰਹਿ ਗਏ ਜੀ
ਨਵੇਂ ਕਾਸਿਦ ਨ ਪੈਦਾ ਹੋਏ।
ਬਹੁਤੇ ਜੋਂ ਕੂਚ ਕਰ ਗਏ।
ਸੁਖਦੀਪ ਨੀਂਦਰੇ ਜਾ ਹੋਏ
ਹੁਣ ਜੋਂ ਹੈ ਬਾਹਰੋਂ ਆਏ।
ਇਹ ਚੰਦ ਦਿਨਾਂ ਦੇ ਵਾਸੀ।
ਚੁਪ ਚੁਪੀਤੇ ਤੁਰ ਜਾਂਦੇ।
ਉਹ ਸਨ ਅਮੋਲ ਘੜੀਆਂ
ਮਹਿਫਲਾਂ ਸਨ ਆਲੀਸ਼ਾਨ।
ਮਹਿਫਲ ਹੁਣ ਸੁੱਕਣੀ ਹੋਈ।
ਚਲੋ ਚਲੀ ਭੱਗਦੜ ਦਾ ਮੇਲਾ।
ਨਵਾਂ ਜ਼ਮਾਨਾ ਕਿਤੇ ਉਮਰੂ।